# India's Right of Reply during virtual CICA Special Ministerial Meeting on 24 September 2020 (In response to remarks by Foreign Minister of Pakistan, Mr. Shah Mahmood Qureshi)

September 24, 2020

……………………………………………………………………………………………

## 24 ਸਤੰਬਰ, 2020 ਨੂੰ ਹੋਈ CICA ਵਿਸ਼ੇਸ਼ ਮੰਤਰੀ ਪੱਧਰੀ ਬੈਠਕ ਦੌਰਾਨ ਭਾਰਤ ਵੱਲੋਂ ਜਵਾਬ ਦੇਣ ਦਾ ਅਧਿਕਾਰ (ਪਾਕਿਸਤਾਨੀ ਵਿਦੇਸ਼ ਮੰਤਰੀ ਸ਼੍ਰੀ ਸ਼ਾਹ ਮਹਿਮੂਦ ਕ਼ੁਰੈਸ਼ੀ ਦੀ ਟਿੱਪਣੀ ਦੇ ਜਵਾਬ ਵਜੋਂ)

24 ਸਤੰਬਰ, 2020

ਮੰਦਭਾਗੀ ਗੱਲ ਹੈ ਕਿ ਪਾਕਿਸਤਾਨ ਨੇ ਭਾਰਤ ਬਾਰੇ ਆਪਣੇ ਮਨਘੜੰਤ ਬਿਰਤਾਂਤਾਂ ਨੂੰ ਜਾਰੀ ਰੱਖ ਇੱਕ ਹੋਰ ਮੰਚ ਦੀ ਦੁਰਵਰਤੋਂ ਕੀਤੀ ਹੈ। ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਤ ਪ੍ਰਦੇਸ਼ ਭਾਰਤ ਦੇ ਅਟੁੱਟ ਅੰਗ ਹਨ ਅਤੇ ਰਹਿਣਗੇ। ਪਾਕਿਸਤਾਨ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ਬਾਰੇ ਟਿੱਪਣੀ ਕਰ ਦਖਲ ਦੇਣ ਦਾ ਕੋਈ ਹੱਕ ਨਹੀਂ ਹੈ।

ਪਾਕਿਸਤਾਨ ਵੱਲੋਂ ਅੱਜ ਕੀਤੀ ਗਈ ਟਿੱਪਣੀ ਸਿੱਧੇ ਰੂਪ ਵਿੱਚ ਭਾਰਤ ਦੇ ਅੰਦਰੂਨੀ ਮਾਮਲਿਆਂ, ਇਸਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਵਿੱਚ ਦਖਲਅੰਦਾਜ਼ੀ ਹੈ, ਜੋ ਸਤੰਬਰ, 1999 ਦੇ CICA ਮੈਂਬਰ ਦੇਸ਼ਾਂ ਦਰਮਿਆਨ ਸਬੰਧਾਂ ਦੇ ਮਾਰਗਦਰਸ਼ਕ ਸਿਧਾਂਤਾਂ ਬਾਰੇ CICA ਐਲਾਨਨਾਮੇ ਦੇ ਉਲਟ ਹਨ।

ਪਾਕਿਸਤਾਨ ਅੱਤਵਾਦ ਦਾ ਕੌਮਾਂਤਰੀ ਅੱਡਾ ਹੈ ਅਤੇ ਭਾਰਤ ਅੰਦਰ ਦੀਆਂ ਅੱਤਵਾਦੀ ਗਤੀਵਿਧੀਆਂ ਦਾ ਸਰੋਤ ਬਣਿਆ ਹੋਇਆ ਹੈ। ਅਸੀਂ ਪਾਕਿਸਤਾਨ ਨੂੰ ਇਸਦੀ ਸਪਾਂਸਰਸ਼ਿਪ ਬੰਦ ਕਰਨ ਅਤੇ ਭਾਰਤ ਖਿਲਾਫ ਅੱਤਵਾਦ ਦਾ ਖੁਲ੍ਹਾ ਅਤੇ ਗੁਪਤ ਸਮਰਥਨ ਕਰਨਾ ਬੰਦ ਕਰਨ ਦੀ ਸਲਾਹ ਦੇਵਾਂਗੇ। ਇੰਜ ਕਰਕੇ ਦੋਨੋਂ ਮੁਲਕ ਇਸ ਮਹੱਤਵਪੂਰਨ ਮੰਚ ਨੂੰ ਆਪਣੇ ਏਜੰਡੇ ਤੋਂ ਭਟਕਾਉਣ ਦੀ ਥਾਂ ਦੁਵੱਲੇ ਤਰੀਕੇ ਨਾਲ ਗੱਲਬਾਤ ਕਰ ਮੁੱਦਿਆਂ ਨਾਲ ਨਜਿੱਠ ਸਕਣਗੇ।

ਨਵੀਂ ਦਿਲੀ
24 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.